**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ-104-106, ਸੈਕਟਰ– 34 A, ਚਡੀਗੜ੍ਹ**
**ਫੋਨ ਨੰ: 2623207,2621106,2624673,ਫੈਕਸ ਨੰ: 2624687,2323206**

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: 1/2-DMICT-2009-10/GEN/46344
ਮਿਤੀ 15-07-2010

ਵਿਸ਼ਾ: **ਵੈਬਸਾਈਟ ਤੇ ਪਾਏ ਪੱਤਰ-ਵਿਹਾਰ ਦਾ ਡਾਊਨਲੋਡ ਕਰਨ ਉਪਰੰਤ ਹਿਸਾਬ ਕਿਤਾਬ ਰੱਖਣ ਬਾਰੇ।**

1. ਉਕਤ ਵਿਸ਼ੇ ਵੱਲ ਧਿਆਨ ਦੇਵੋ ਜੀ।

2. ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਸ ਦਫਤਰ ਵੱਲੋਂ ਵੈਬਸਾਈਟ ਦੇ ਪਾਏ ਪੱਤਰਾਂ ਨੂੰ ਡਾਊਨਲੋਡ ਕਰਨ ਉਪਰੰਤ ਸਕੂਲਾਂ ਵੱਲੋਂ ਇਹਨਾਂ ਪੱਤਰਾਂ ਦਾ ਠੀਕ ਤਰ੍ਹਾਂ ਰਿਕਾਰਡ ਨਹੀਂ ਰੱਖਿਆ ਜਾਂਦਾ ਹੈ ਜਿਸ ਕਾਰਨ ਇਸ ਦਫਤਰ ਦੀਆਂ ਬਹੁਤ ਸਾਰੀਆਂ ਹਦਾਇਤਾਂ ਤੇ ਅਮਲ ਨਹੀਂ ਕੀਤਾ ਜਾਂਦਾ ਹੈ।

3. ਇਹ ਯਕੀਨੀ ਬਣਾਉਣ ਲਈ ਕਿ ਇਸ ਦਫਤਰ ਵੱਲੋਂ ਵੈਬਸਾਈਟ ਰਾਹੀਂ ਭੇਜੇ ਪੱਤਰਾਂ ਦਾ ਸਕੂਲਾਂ ਵੱਲੋਂ ਪੂਰਾ-ਪੂਰਾ ਹਿਸਾਬ ਰੱਖਿਆ ਜਾਵੇ, ਹੇਠ ਲਿਖੀਆਂ ਹਦਾਇਤਾਂ ਤੇ ਅਮਲ ਕਰਨਾ ਜ਼ਰੂਰੀ ਹੋਵੇਗਾ:-

(ੳ) ਡਾਊਨਲੋਡ ਕੀਤੇ ਸਾਰੇ ਪੱਤਰਾਂ ਦਾ ਵੇਰਵਾ ਇੱਕ ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ ਜਿਸ ਵਿੱਚ ਪੱਤਰ ਨੰ: , ਜਾਰੀ ਕਰਨ ਦੀ ਮਿਤੀ, ਪੱਤਰ ਦਾ ਵਿਸ਼ਾ ਅਤੇ ਸਹੀ ਕਰਤਾ ਦੇ ਅਹੁਦੇ ਬਾਰੇ ਜਾਣਕਾਰੀ ਭਰੀ ਜਾਵੇਗੀ।

(ਅ) ਡਾਊਨਲੋਡ ਕੀਤੇ ਸਾਰੇ ਪੱਤਰਾਂ ਦੀ ਕਾਪੀ ਇੱਕ ਫਾਈਲ ਵਿੱਚ ਰਿਕਾਰਡ ਵੱਜੋਂ ਰੱਖੀ ਜਾਵੇਗੀ।

4. ਇਹ ਰਜਿਸਟਰ ਅਤੇ ਫਾਇਲ ਸਕੂਲ ਦੇ ਨਰੀਖਣ ਦੌਰਾਨ ਪੇਸ਼ ਕੀਤੇ ਜਾਣੇ ਚਾਹੀਦੇ ਹਨ।

**-ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**

**ਪਿੱਠ ਅੰਕਣ ਨੰ** : 1/2-DMICT-2009-10/GEN/46345 ਮਿਤੀ 15-07-10

ਉਤਾਰਾ:- ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ**:-**

(1) ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ)।

(2) ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿੱ)

**-ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**